ਸ਼੍ਰੇਣੀ–ਪਹਿਲੀ
5. ਗਣਿਤ

ਸਮਾਂ: 3 ਘੰਟੇ

ਰੇਖਾ ਗਣਿਤ

ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਗਿਆਨ:–

- ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਸੰਬੰਧਾਂ ਦੀ ਸ਼ਬਦਾਵਲੀ ਵਿਕਸਿਤ ਕਰਨਾ ਅਤੇ ਵਰਤੋਂ ਕਰਨਾ। ਸਿਖਰ–ਤਲ, ਉੱਪਰ–ਹੇਠਾਂ, ਅੰਦਰ–ਬਾਹਰ, ਉੱਪਰਲਾ–ਹੇਠਲਾ, ਨੇੜੇ–ਦੂਰ, ਪਹਿਲਾਂ–ਬਾਅਦ ਦਾ ਸੰਕਲਪ।

ਸਾਡੇ ਆਲੇ –ਦੁਆਲੇ ਦੀਆਂ ਠੋਸ ਆਕ੍ਰਿਤੀਆਂ:–

- ਆਪਣੇ ਆਲੇ ਦੁਆਲੇ ਤੋਂ ਵੱਖ–ਵੱਖ ਵਸਤੂਆਂ ਨੂੰ ਇੱਕਠਾ ਕਰਨਾ, ਜਿਵੇਂ–ਪੱਥਰ, ਡੱਬੇ, ਗੇਂਦ, ਕੋਨ, ਪਾਈਪ ਆਦਿ।
- ਵਸਤੂਆਂ ਨੂੰ ਉਹਨਾਂ ਦੇ ਅਕਾਰ ਅਤੇ ਹੋਰ ਵਿਸ਼ੇਸ਼ਤਾ ਅਨੁਸਾਰ ਛਾਂਟਣਾ, ਵਰਗੀਕਰਣ ਕਰਨਾ ਅਤੇ ਵਿਆਖਿਆ ਕਰਨਾ।
- ਆਕ੍ਰਿਤੀ ਦੇ ਵੱਖ–ਵੱਖ ਤਰੀਕੇ ਦਾ ਨਿਰੀਖਣ ਅਤੇ ਵਰਣਨ ਜੋ ਰਿੜਨ ਅਤੇ ਖਿਸਕਾਉਣ ਦੀ ਹਰਕਤ ਨੂੰ ਪ੍ਰਭਾਵਿਤ ਕਰਦਾ ਹੈ।
- ਗੱਤੇ ਤੋਂ ਬਣੀਆਂ 2–D ਵਰਗੀਆਂ ਸਮਤਲ ਆਕ੍ਰਿਤੀਆਂ ਨੂੰ ਛਾਂਟਣਾ।

ਸੰਖਿਆਵਾਂ

ਗਿਣਤੀ, ਇੱਕ ਤੋਂ ਨੌ ਤੱਕ ਸੰਖਿਆਵਾਂ ਅਤੇ ਜ਼ੀਰੋ ਦੀ ਕਿਰਿਆ ਸੰਬੰਧੀ ਜਾਣਕਾਰੀ ਵਿਕਸਿਤ ਕਰਨਾ।

- ਵਸਤੂਆਂ ਦਾ ਨਿਰੀਖਣ ਕਰਨਾ ਅਤੇ ਵਸਤੂਆਂ ਨੂੰ ਇੱਕਠਾ ਕਰਨਾ।
- ਇੱਕਠੀਆਂ ਕੀਤੀਆਂ ਵਸਤੂਆਂ ਨੂੰ ਤਰਤੀਬ ਵਿੱਚ ਲਗਾਉਣਾ।
- ਤੁਲਣਾ ਯੋਗ ਅਤੇ ਇੱਕ–ਇੱਕ ਅਨੁਰੂਪਤਾ ਅਨੁਸਾਰ ਵਸਤੂਆਂ ਨੂੰ ਇੱਕਠ ਵਿੱਚ ਗਿਣਨਾ।
- ਕਿਸੇ ਖਾਸ ਸੰਖਿਆ ਦੇ ਅਨੁਰੂਪ ਵਸਤੂਆਂ ਨੂੰ ਇੱਕਠਾ ਕਰਨਾ।
- 1 ਤੋਂ 9 ਤੱਕ ਸੰਖਿਆਵਾਂ ਦੀ ਪਹਿਚਾਣ ਅਤੇ ਉਚਾਰਨ।
- 1 ਤੋਂ 9 ਤੱਕ ਸੰਖਿਆਵਾਂ ਦੀ ਗਿਣਤੀ, ਤੁਲਨਾ (ਅਸਲ ਵਸਤੂਆਂ ਦੀ ਵਰਤੋਂ ਅਨੁਸਾਰ ਜਾਂ ਤਾੜੀ ਮਾਰ ਕੇ ਗਿਣਤੀ ਕਰਵਾਉਣਾ)।
- 1 ਤੋਂ 9 ਤੱਕ ਸੰਖਿਆਵਾਂ ਨੂੰ ਪੜ੍ਹਨਾ ਅਤੇ ਲਿਖਣਾ ।
- ਅਸਲ ਵਸਤੂਆਂ ਦੀ ਵਰਤੋਂ ਜਾਂ ਫੋਟੋਆਂ ਦੀ ਵਰਤੋਂ ਕਰਦੇ ਹੋਏ ਜੋੜ ਅਤੇ ਘਟਾਉ।
- '+' ਅਤੇ '–' ਨਿਸ਼ਾਨਾਂ ਦੀ ਵਰਤੋਂ ਕਰਕੇ ਜੋੜ ਅਤੇ ਘਟਾਉ, ਘਟਾਉ ਵਿਧੀ ਰਾਹੀਂ ਸਿਫਰ ਤੱਕ ਪਹੁੰਚਣਾ (ਜਿਵੇਂ:– 3–1=2, 3–2=1, 3–3=●)

1● ਤੋਂ 2● ਤੱਕ ਸੰਖਿਆਵਾਂ

- 1● ਤੋਂ 2● ਤੱਕ ਦੀਆਂ ਸੰਖਿਆਵਾਂ ਦੇ ਅਨੁਕ੍ਰਮ ਦਾ ਨਿਰਮਾਣ।
- ਇਹਨਾਂ ਸੰਖਿਆਵਾਂ ਦੀ ਸਹਾਇਤਾ ਨਾਲ਼ ਵਸਤੂਆਂ ਨੂੰ ਗਿਣਨਾ।
- ਵਸਤੂਆਂ ਨੂੰ ਦੱਸ-ਦੱਸ ਦੇ ਗਰੁੱਪ (ਸਮੂਹ) ਵਿੱਚ ਇੱਕਠਾ ਕਰਨਾ ਅਤੇ ਇੱਕਲੀ ਵਸਤੂ ਅਨੁਸਾਰ ਕਰਨਾ। ਦਹਾਈਆਂ ਅਤੇ ਇਕਾਈਆਂ ਦੇ ਸਮੂਹ ਦੀ ਸ਼ਬਦਾਵਲੀ ਵਿਕਸਿਤ ਕਰਨਾ ।
- ਚਿੱਤਰ ਰਾਹੀਂ ਦਹਾਈਆਂ ਅਤੇ ਇਕਾਈਆਂ ਦੇ ਸਮੂਹਾਂ ਨੂੰ ਦਰਸਾਉਣਾ।
- ਇੱਕ ਦਿੱਤੀ ਹੋਈ ਸੰਖਿਆ ਵਿੱਚ ਦਹਾਈਆਂ ਅਤੇ ਇਕਾਈਆਂ ਦੀ ਸੰਖਿਆ ਦੀ ਗਿਣਤੀ ਕਰਨਾ।
- 11 ਤੋਂ 19 ਲਈ ਸੰਖਿਆ ਅੰਕਾਂ ਨੂੰ ਲਿਖਣਾ
- 1● ਅਤੇ 2● ਲਈ ਸੰਖਿਆ ਅੰਕਾਂ ਨੂੰ ਲਿਖਣਾ ।
- 2● ਤੱਕ ਸੰਖਿਆਵਾਂ ਦੀ ਤੁਲਨਾ ਕਰਨਾ।

ਜੋੜ ਅਤੇ ਘਟਾਉ (ਵੀਹ ਤੱਕ)

2● ਤੱਕ ਸੰਖਿਆਵਾਂ ਦਾ ਜੋੜ ਅਤੇ ਘਟਾਉ।

21 ਤੋਂ 99 ਤੱਕ ਸੰਖਿਆਵਾਂ

- 21 ਤੋਂ 99 ਲਈ ਸੰਖਿਆ ਅੰਕ ਲਿਖਣੇ।

  ਵਸਤੂਆਂ ਨੂੰ ਦਹਾਈਆਂ ਅਤੇ ਇਕਾਈਆਂ ਦੇ ਸਮੂਹ ਵਿੱਚ ਇੱਕਠੇ ਕਰਨਾ।
- ਇਕਾਈਆਂ ਅਤੇ ਦਹਾਈਆਂ ਦੇ ਸਮੂਹ ਨੂੰ ਦਰਸਾਉਣ ਲਈ ਚਿੱਤਰ ਬਣਾਉਣਾ।
- ਇੱਕ ਸੰਖਿਆ ਦੇ ਦਹਾਈਆਂ ਅਤੇ ਇਕਾਈਆਂ ਦੇ ਜ਼ਬਾਨੀ ਸਮੂਹ ਬਣਾਉਣਾ।

ਦਿਮਾਗੀ ਅੰਕ ਵਿਗਿਆਨ : -- ਦੋ ਇੱਕ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਜ਼ਬਾਨੀ ਜੋੜਨਾ।

ਮੁਦਰਾ (ਧਨ) : -

- ਆਮ ਕਰੰਸੀ (ਨੋਟਾਂ ਅਤੇ ਸਿੱਕਿਆਂ) ਦੀ ਪਹਿਚਾਣ।
- ਧਨ ਦੀ ਛੋਟੀਆਂ ਰਾਸ਼ੀਆਂ ਨੂੰ ਇੱਕਠਾ ਰੱਖਣਾ।

ਮਾਪ: ਲੰਬਾਈ:

- ਨੇੜੇ-ਦੂਰ, ਪਤਲਾ-ਮੋਟਾ, ਲੰਬਾ-ਛੋਟਾ,ਦਾ ਸੰਕਲਪ
- ਵਸਤੂਆਂ ਨੂੰ ਲੰਬਾਈ ਅਨੁਸਾਰ ਕ੍ਰਮਬੱਧ ਕਰਨਾ
- ਗੈਰ ਮਿਆਰੀ ਇਕਾਈਆਂ ਦੀ ਵਰਤੋਂ ਨਾਲ਼ ਲੰਬਾਈਆਂ ਮਾਪਣਾ (ਗੁੱਲੀ ਡੰਡਾ, ਬੰਟੇ ਖੇਡਣ ਦੀ ਖੇਡ ਦੇ ਸੰਬੰਧ ਵਿੱਚ)
- ਲੰਬਾਈਆਂ ਅਤੇ ਦੂਰੀਆਂ ਦਾ ਅੰਦਾਜਾ ਲਗਾਉਣਾ ਅਤੇ ਗੈਰ ਮਿਆਰੀ ਇਕਾਈਆਂ ਨਾਲ਼ ਪੜਤਾਲ ਕਰਨੀ (ਹੱਥ, ਗਿੱਠ ਆਦਿ)।

ਪੁੰਜ (ਭਾਰ) :-

- ਭਾਰੀ ਅਤੇ ਹਲਕੀਆਂ ਵਸਤੂਆਂ ਵਿੱਚ ਤੁਲਨਾ।

ਸਮਾਂ :–

- ਕਿਸੇ ਸਮੇਂ ਵਾਪਰੀਆਂ ਘਟਨਾਵਾਂ ਨੂੰ ਪਹਿਲਾਂ ਅਤੇ ਬਾਅਦ ਦੇ ਪਦਾਂ ਵਿੱਚ ਵੱਖ ਵੱਖ ਕਰਨਾ।
- ਸਕੂਲ ਦੇ ਦਿਨਾਂ ਅਤੇ ਛੁੱਟੀਆਂ ਦੇ ਸਮੇਂ ਨੂੰ ਗੁਣਾਤਮਕ ਪੱਖੋਂ ਛੋਟੇ ਅਤੇ ਵੱਡੇ ਅੰਤਰਾਲ ਵਿੱਚ ਮਹਿਸੂਸ ਕਰਾਉਣਾ।
- ਇੱਕ ਦਿਨ ਦੀ ਅਵਧੀ ਨੂੰ ਅਨੁਕ੍ਰਮ ਕਰਨਾ।

ਅੰਕੜੇ ਬਣਾਉਣਾ

ਸਧਾਰਣ ਅੰਕੜਿਆ ਨੂੰ ਇੱਕਠੇ ਕਰਨਾ, ਦਰਸਾਉਣਾ ਅਤੇ ਵਿਆਖਿਆ ਕਰਨੀ (ਜਿਵੇਂ ਕਾਗਜ਼ ਦੀ ਪੱਟੀ ਨਾਲ਼ ਬਾਂਹ ਦੀ ਲੰਬਾਈ ਮਾਪਣਾ ਜਾਂ ਸਿਰ ਦਾ ਘੇਰਾ ਮਾਪਣਾ) ।

ਪੈਟਰਨ (ਨਮੂਨੇ):–

- ਸਧਾਰਣ ਅਨੁਪਾਤਕ ਆਕ੍ਰਿਤਿਆਂ ਅਤੇ ਨਮੂਨੇ ਦੀ ਪਹਿਚਾਣ ਕਰਨਾ, ਉਦਾਹਰਣ ਤੌਰ ਤੇ ਉਗਲਾਂ ਅਤੇ ਅੰਗੂਠੇ ਨਾਲ਼ ਨਮੂਨੇ ਬਣਾਉਣਾ ।
- ਸੰਖਿਆ ਅਤੇ ਆਲੇ ਦੁਆਲੇ ਵਿੱਚ ਆਕ੍ਰਿਤੀਆ ਦੇ ਸਧਾਰਨ ਪੈਟਰਨ ਦੇ ਅਨੁਕ੍ਰਮ ਨੂੰ ਪੂਰਾ ਕਰਨਾ।